# ਪ੍ਰੋਸੀਜਰ ਲਈ ਬੇਹੋਸ਼ ਕਰਨ ਤੋਂ ਪਹਿਲਾਂ (ਬੱਚਾ)

Punjabi

## **Before** Procedural Sedation (Child)

ਪ੍ਰੋਸੀਜਰ ਲਈ ਬੇਹੋਸ਼ ਕਰਨ (ਪ੍ਰੋਸੀਜਰਲ ਸਿਡੇਸ਼ਨ) ਤੋਂ ਭਾਵ ਹੈ ਕਿ ਅਸੀਂ ਤੁਹਾਡੇ ਬੱਚੇ ਨੂੰ ਦਵਾਈ (ਇੱਕ ਸਿਡੇਟਿਵ) ਦੇ ਦਿੰਦੇ ਹਾਂ ਤਾਂ ਕਿ ਮੈਡੀਕਲ ਪ੍ਰੋਸੀਜਰ, ਟੈਸਟ ਜਾਂ ਇਲਾਜ ਦੇ ਸਮੇਂ ਦੌਰਾਨ ਉਸ ਨੂੰ ਨੀਂਦ ਆ ਜਾਵੇ, ਉਹ ਸਿਥਲ ਅਵਸਥਾ ’ਚ, ਜਾਂ ਸ਼ਾਂਤ ਹੋ ਜਾਵੇ। ਕਸ਼ਟਦਾਇਕ ਇਲਾਜ ਜਾਂ ਪ੍ਰੋਸੀਜਰ ਵਾਸਤੇ ਅਸੀਂ ਦਰਦ ਨੂੰ ਰੋਕਣ ਲਈ ਵੀ ਦਵਾਈ ਦਿੰਦੇ ਹਾਂ।

ਅਸੀਂ ਪ੍ਰੋਸੀਜਰਲ ਸਿਡੇਸ਼ਨ ਜਾਂ ਤਾਂ ਨਾੜੀ ਦੁਆਰਾ (ਇੰਟਰਾਵੀਨਸਲੀ) ਜਾਂ ਇੱਕ ਮਾਸਪੇਸ਼ੀ ਵਿਚ (ਇੰਟਰਾਮਸਕੁਲਰਲੀ) ਟੀਕੇ ਰਾਹੀਂ ਦਿੰਦੇ ਹਾਂ।

### ਪ੍ਰੋਸੀਜਰਲ ਸਿਡੇਸ਼ਨ ਦੇ ਖਤਰੇ ਕੀ ਹਨ?

ਕਿਸੇ ਵੀ ਦਵਾਈ ਦੇ ਨਾਲ, ਹਮੇਸ਼ਾ ਇੱਕ ਖਤਰਾ ਰਹਿੰਦਾ ਹੈ। ਪ੍ਰੋਸੀਜਰ ਦੌਰਾਨ ਜਾਂ ਤੁਹਾਡੇ ਬੱਚੇ ਦੇ ਜਾਗਣ ਵੇਲੇ, ਉਸ ਨੂੰ ਦਵਾਈ ਕਾਰਨ ਪ੍ਰਤਿਕਰਮ ਹੋ ਸਕਦਾ ਹੈ।

ਪ੍ਰੋਸੀਜਰ ਦੌਰਾਨ,

- ਤੁਹਾਡੇ ਬੱਚੇ ਦਾ ਸਾਹ ਲੈਣਾ ਹੌਲੀ ਹੋ ਸਕਦਾ ਹੈ।
- ਤੁਹਾਡੇ ਬੱਚੇ ਦਾ ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ।

ਪ੍ਰੋਸੀਜਰ ਬਾਅਦ ਜਿਸ ਵੇਲੇ ਤੁਹਾਡਾ ਬੱਚਾ ਜਾਗਣ ਲੱਗਿਆ ਹੁੰਦਾ ਹੈ:

- ਤੁਹਾਡੇ ਬੱਚੇ ਨੂੰ ਜੀਅ ਕੱਚਾ ਹੁੰਦਾ ਮਹਿਸੂਸ ਹੋ ਸਕਦਾ ਹੈ।
- ਤੁਹਾਡੇ ਬੱਚੇ ਨੂੰ ਉਲਟੀ ਹੋ ਸਕਦੀ ਹੈ।
- ਤੁਹਾਡੇ ਬੱਚੇ ਨੂੰ ਭੈੜੇ ਸੁਪਨੇ ਆ ਸਕਦੇ ਹਨ।

ਅਸੀਂ ਇਹ ਸਭ ਕੁਝ ਵਾਪਰਨ ਤੋਂ ਰੋਕਣ ਲਈ ਕਦਮ ਚੁੱਕਦੇ ਹਾਂ ਅਤੇ ਜੇ ਅਜਿਹਾ ਕੁਝ ਵਾਪਰ ਜਾਵੇ ਤਾਂ ਉਸ ਨੂੰ ਨਜਿੱਠਣ ਲਈ ਹਮੇਸ਼ਾ ਤਿਆਰ ਰਹਿੰਦੇ ਹਾਂ।

### ਤੁਹਾਡੀ ਸੁਰੱਖਿਆ ਲਈ

ਪ੍ਰੋਸੀਜਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ’ਚ ਤੁਹਾਡੇ ਬੱਚੇ ਦੇ ਬੈੱਡ ਦੇ ਲਾਗੇ ਇੱਕ ਰਜਿਸਟਰਡ ਨਰਸ ਨੂੰ ਤੈਨਾਤ ਕਰਦੇ ਹਾਂ ਜੋ ਕਿ ਤੁਹਾਡੇ ਬੱਚੇ ਅਤੇ ਉਸ ਤੇ ਪ੍ਰੋਸੀਜਰ ਦੀ ਬੇਹੋਸ਼ੀ ਕਾਰਨ ਹੋਏ ਅਸਰ ਦੀ ਨੇੜਿਓਂ ਨਿਗਰਾਨੀ ਕਰੇਗੀ। ਜੇ ਕੋਈ ਵੀ ਫ਼ਿਕਰ ਵਾਲੀ ਗੱਲ ਹੋਵੇਗੀ ਤਾਂ ਡਾਕਟਰ ਨੂੰ ਤੁਰੰਤ ਸੂਚਿਤ ਕਰ ਦਿੱਤਾ ਜਾਵੇਗਾ।

### ਸਾਡੇ ਦੁਆਰਾ ਪ੍ਰੋਸੀਜਰ ਸ਼ੁਰੂ ਕਰਨ ਤੋਂ ਪਹਿਲਾਂ

- ਅਸੀਂ ਤੁਹਾਡੇ ਬੱਚੇ ਦੇ ਬੈੱਡ ਦੇ ਲਾਗੇ ਐਮਰਜੈਂਸੀ ਸਾਜ਼ੋ-ਸਮਾਨ ਲੈ ਆਉਂਦੇ ਹਾਂ ਤਾਂ ਕਿ ਜੇ ਲੋੜ ਪਵੇ ਤਾਂ ਉਸ ਦੀ ਵਰਤੋਂ ਕੀਤੀ ਜਾ ਸਕੇ।
- ਅਸੀਂ ਤੁਹਾਡੇ ਬੱਚੇ ਦੇ ਬੈੱਡ ਦੇ ਲਾਗੇ ਸਪੈਸ਼ਲ ਦਵਾਈਆਂ ਲਿਆਉਂਦੇ ਹਾਂ। ਜੇ ਲੋੜ ਪਵੇ ਤਾਂ, ਕੁਝ ਸਿਡੇਟਿਵ ਅਤੇ ਦਰਦ ਵਾਲੀਆਂ ਦਵਾਈਆਂ ਦੇ ਅਸਰ ਨੂੰ ਦੂਰ ਕਰਨ ਲਈ ਅਸੀਂ ਇਹ ਦਵਾਈਆਂ ਦਿੰਦੇ ਹਾਂ। ਇਹਨਾਂ ਸਪੈਸ਼ਲ ਦਵਾਈਆਂ ਦੇ ਵਰਤੋਂ ਦੀ ਲੋੜ ਕਿਤੇ ਵਿਰਲੇ ਹੀ ਪੈਂਦੀ ਹੈ।
- ਅਸੀਂ ਇੱਕ ਯੰਤਰ ਤੁਹਾਡੇ ਬੱਚੇ ਦੀ ਕਿਸੇ ਇੱਕ ਉਂਗਲ 'ਤੇ ਬੰਨ੍ਹ ਦਿੰਦੇ ਹਾਂ ਤਾਂ ਕਿ ਤੁਹਾਡੇ ਤੁਹਾਡੇ ਬੱਚੇ ਦੇ ਖੂਨ 'ਚ ਆੱਕਸੀਜਨ ਦੀ ਮਾਤਰਾ ਨੂੰ ਹਰ ਵੇਲੇ ਮਾਪਿਆ ਜਾ ਸਕੇ।

### ਪ੍ਰੋਸੀਜਰ ਦੇ ਦੌਰਾਨ

ਹਰ 3 ਤੋਂ 5 ਮਿੰਟ ਬਾਅਦ, ਨਰਸ ਚੈੱਕ ਕਰਦੀ ਹੈ:

- ਤੁਹਾਡਾ ਬੱਚਾ ਕਿੰਨਾ ਕੁ ਬੇਹੋਸ਼ ਹੈ
- ਤੁਹਾਡੇ ਬੱਚੇ ਦੀ ਨਬਜ਼, ਬਲੱਡ ਪ੍ਰੈਸ਼ਰ ਅਤੇ ਸਾਹ ਲੈਣ ਦੀ ਗਤੀ (ਇਹਨਾਂ ਨੂੰ ਵਾਈਟਲ ਸਾਈਨ ਆਖਦੇ ਹਨ)
- ਤੁਹਾਡੇ ਬੱਚੇ ਦੀ ਆੱਕਸੀਜਨ ਦਾ ਸਤਰ

### ਪ੍ਰੋਸੀਜਰ ਦੇ ਐਨ ਬਾਅਦ

ਨਰਸ:

- ਤੁਹਾਡੇ ਬੱਚੇ ਦੇ ਵਾਈਟਲ ਸਾਈਨਾਂ ਅਤੇ ਆੱਕਸੀਜਨ ਦੇ ਸਤਰ ਤੇ ਕੜੀ ਨਜ਼ਰ ਰਖਦੀ ਹੈ
- ਜਦ ਤੱਕ ਤੁਹਾਡਾ ਬੱਚਾ ਠੀਕ ਹੋ ਕੇ ਪੂਰੀ ਤਰ੍ਹਾਂ ਜਾਗ ਨਹੀਂ ਪੈਂਦਾ, ਉਸ ਤੇ ਨੇੜਿਓਂ ਨਜ਼ਰ ਰਖਦੀ ਹੈ


ਇਹ ਜਾਣਕਾਰੀ ਤੁਹਾਡੇ ਹੈਲਥਕੇਅਰ ਪ੍ਰੋਵਾਈਡਰ ਵੱਲੋਂ ਦਿੱਤੀ ਸਲਾਹ ਦਾ ਬਦਲ ਨਹੀਂ ਹੈ।
Print Shop #264324 (May 2014) Punjabi

fraserhealth
Better health. Best in health care.
Punjabi

# ਪ੍ਰੋਸੀਜਰਲ ਸਿਡੇਸ਼ਨ ਤੋਂ ਬਾਅਦ (ਬੱਚਾ)

## **After** Procedural Sedation (Child)

ਅਸੀਂ ਤੁਹਾਡੇ ਬੱਚੇ ਨੂੰ ਬੇਹੋਸ਼ੀ ਅਤੇ ਦਰਦ ਲਈ ਦਵਾਈਆਂ ਦਿੱਤੀਆਂ ਸਨ ਤਾਂ ਕਿ ਕਸ਼ਟਦਾਇਕ ਪ੍ਰੋਸੀਜਰ ਜਾਂ ਟੈਸਟ ਦੌਰਾਨ ਤੁਹਾਡਾ ਬੱਚਾ ਸਿਥਲ ਅਵਸਥਾ'ਚ ਹੋ ਜਾਵੇ, ਸ਼ਾਂਤ ਹੋ ਜਾਵੇ ਜਾਂ ਉਸ ਨੂੰ ਨੀਂਦ ਆ ਜਾਵੇ।

ਤੁਹਾਡੇ ਬੱਚੇ ਨੂੰ ਪ੍ਰੋਸੀਜਰ ਦੇ 24 ਘੰਟੇ ਬਾਅਦ ਤੱਕ ਇਹਨਾਂ ਦਵਾਈਆਂ ਦੇ ਅਸਰ ਮਹਿਸੂਸ ਹੋ ਸਕਦੇ ਹਨ।

ਬੱਚਿਆਂ ਨੂੰ ਹੇਠ ਲਿਖਿਆਂ 'ਚੋਂ ਕੋਈ ਹੋਣਾ ਆਮ ਗੱਲ ਹੈ:

- ਉਲਟੀ ਆਉਣੀ
- ਕੁਝ ਖਾਣ ਦੀ ਇੱਛਾ ਨਾ ਹੋਣੀ
- ਅਸਥਿਰ ਜਾਂ ਡਾਵਾਂਡੋਲ ਮਹਿਸੂਸ ਹੋਣਾ
- ਚੱਕਰ ਆਉਣ ਦੀ ਸ਼ਿਕਾਇਤ ਕਰਨਾ
- ਨਿਢਾਲ ਜਾਂ ਉਨੀਂਦਰਾ ਹੋਣਾ
- ਸਨਕੀ, ਖਰ੍ਹਵਾ, ਰੋਣਹਾਕਾ, ਚਿੜਚਿੜਾ ਹੋਣਾ

### ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ 'ਚ ਜਾਓ ਜੇ:

- ☐ ਤੁਹਾਡਾ ਬੱਚਾ ਅਗਲੇ ਦੋ ਘੰਟਿਆਂ 'ਚ ਤਿੰਨ ਵਾਰ ਤੋਂ ਵੱਧ ਉਲਟੀਆਂ ਕਰਦਾ ਹੈ।
- ☐ ਤੁਹਾਡਾ ਬੱਚਾ 24 ਘੰਟਿਆਂ ਬਾਅਦ ਵੀ ਅਸਥਿਰ ਹੋਵੇ, ਚੂੰ- ਚੂੰ ਕਰੇ, ਜਾਂ ਚਿੜਚਿੜਾ ਮਹਿਸੂਸ ਕਰ ਰਿਹਾ ਹੋਵੇ, ਜਾਂ ਇਹਨਾਂ 'ਚੋਂ ਕਿਸੇ ਇੱਕ ਵੀ ਅਸਰ ਕਾਰਨ ਹਾਲਤ ਹੋਰ ਵੀ ਮਾੜੀ ਹੋ ਰਹੀ ਹੋਵੇ।
- ☐ ਦਰਦ ਤੇ ਕਾਬੂ ਪਾਉਣ ਲਈ ਦਰਦ ਵਾਲੀ ਦਵਾਈ ਦਾ ਤੁਹਾਡੇ ਬੱਚੇ 'ਤੇ ਕੋਈ ਅਸਰ ਨਹੀਂ ਹੋ ਰਿਹਾ।

### 9-1-1 'ਤੇ ਫ਼ੌਰਨ ਕਾੱਲ ਕਰੋ ਜੇ:

- ☐ ਤੁਹਾਡੇ ਬੱਚੇ ਦਾ ਸਾਹ ਫੁੱਲ ਰਿਹਾ ਹੈ, ਹੌਲੀ ਆ ਰਿਹਾ ਹੈ, ਜਾਂ ਆਮ ਨਾਲੋਂ ਵੱਖ ਕਿਸਮ ਦਾ ਹੈ।
- ☐ ਤੁਹਾਡੇ ਬੱਚੇ ਨੂੰ ਸਾਹ ਲੈਣ 'ਚ ਮੁਸ਼ਕਲ ਹੋ ਰਹੀ ਹੈ।
- ☐ ਤੁਹਾਡੇ ਬੱਚੇ ਦੀ ਚਮੜੀ ਜਾਂ ਬੁੱਲ੍ਹ ਦਾ ਰੰਗ ਨੀਲਾ ਪੈ ਰਿਹਾ ਹੈ।
- ☐ ਤੁਸੀਂ ਆਪਣੇ ਬੱਚੇ ਨੂੰ ਜਗਾ ਨਹੀਂ ਸਕਦੇ।

### ਘਰ 'ਚ ਆਪਣੇ ਬੱਚੇ ਦੀ ਦੇਖਭਾਲ ਕਿੰਝ ਕਰੋ

- ਜਿਹੜੇ ਬੱਚੇ ਕਾਰ ਸੀਟ 'ਚ ਬਿਠਾਏ ਜਾਂਦੇ ਹਨ, ਉਹਨਾਂ ਨਾਲ ਕਿਸੇ ਬਾਲਗ ਵਿਅਕਤੀ ਨੂੰ ਪਿਛਲੀ ਸੀਟ ਤੇ ਬਿਠਾ ਕੇ ਸਫ਼ਰ ਕਰਨਾ ਚਾਹੀਦਾ ਹੈ। ਜੇ ਉਸਦਾ ਸਿਰ ਅੱਗੇ ਵੱਲ ਡਿੱਗ ਪਵੇ ਤਾਂ ਤੁਹਾਡੇ ਬੱਚੇ ਨੂੰ ਸਾਹ ਲੈਣ 'ਚ ਮੁਸ਼ਕਲ ਹੋ ਸਕਦੀ ਹੈ।
- ਜਦੋਂ ਬੱਚਾ ਘਰ ਆ ਜਾਵੇ ਤਾਂ ਉਸ ਨੂੰ ਅਰਾਮ ਕਰਨ ਜਾਂ ਸੌਣ ਦਿਓ।
- ਪਹਿਲੇ 3-4 ਘੰਟੇ ਆਪਣੇ ਬੱਚੇ ਨੂੰ ਕਈ ਵਾਰ ਚੈਕ ਕਰੋ।
  - ਇਹ ਯਕੀਨੀ ਬਣਾਓ ਕਿ ਤੁਸੀਂ ਬੱਚੇ ਨੂੰ ਜਗਾ ਸਕਦੇ ਹੋ।
  - ਚੈਕ ਕਰੋ ਕਿ ਤੁਹਾਡਾ ਬੱਚਾ ਸਾਹ ਕਿੰਝ ਲੈ ਰਿਹਾ ਹੈ।
  - ਆਪਣੇ ਬੱਚੇ ਦੀ ਚਮੜੀ ਅਤੇ ਬੁਲ੍ਹਾਂ ਦਾ ਰੰਗ ਚੈਕ ਕਰੋ।
- ਕਿਉਂਕਿ ਤੁਹਾਡਾ ਬੱਚਾ ਪਹਿਲੇ 24 ਘੰਟੇ ਅਸਥਿਰ ਅਤੇ ਨਿਢਾਲ ਮਹਿਸੂਸ ਕਰੇਗਾ ਅਤੇ ਉਸਨੂੰ ਚੱਕਰ ਆਉਣਗੇ, ਇਸ ਲਈ:
  - ਜਿਸ ਵੇਲੇ ਤੁਹਾਡਾ ਬੱਚਾ ਜਾਗ ਰਿਹਾ ਹੋਵੇ, ਉਸ ਨੂੰ ਇਕੱਲਾ **ਨਾ** ਛੱਡੋ।
  - ਆਪਣੇ ਬੱਚੇ ਨੂੰ ਅਜਿਹਾ ਕੁਝ ਵੀ **ਨਾ** ਕਰਨ ਦਿਓ ਜਿਸ ਵਿੱਚ ਸੰਤੁਲਨ ਬਨਾਉਣ ਦੀ ਲੋੜ ਪਵੇ ਜਿਵੇਂ ਦੌੜਨਾ, ਸਾਈਕਲ ਚਲਾਉਣਾ, ਜਾਂ ਖੇਡਾਂ ਖੇਡਣੀਆਂ।
  - ਆਪਣੇ ਕਿਸ਼ੋਰ ਅਵਸਥਾ ਵਾਲੇ ਬੱਚੇ ਨੂੰ ਗੱਡੀ **ਨਾ** ਚਲਾਉਣ ਦਿਓ ਅਤੇ ਨਾ ਹੀ ਮਸ਼ੀਨਾਂ ਦੀ ਵਰਤੋਂ ਕਰਨ ਦਿਓ।
- ਡਾਕਟਰ ਦੀ ਹਿਦਾਇਤ ਮੁਤਾਬਕ ਦਰਦ ਲਈ ਦਵਾਈਆਂ ਦਿਓ।
- ਜਦ ਤੱਕ ਤੁਹਾਡਾ ਬੱਚਾ ਪੂਰੀ ਤਰ੍ਹਾਂ ਜਾਗ ਨਹੀਂ ਜਾਂਦਾ, ਉਸ ਨੂੰ ਕੁਝ **ਨਾ** ਖਵਾਓ। ਸਾਫ਼ ਤਰਲ ਪਦਾਰਥ ਜਿਵੇਂ ਪਾਣੀ, ਸੇਬ ਦਾ ਜੂਸ, ਜਿੰਜਰ ਏਲ ਅਤੇ ਸਾਫ਼ ਬ੍ਰੌਥ ਨਾਲ ਸ਼ੁਰੂਆਤ ਕਰੋ। ਜਦੋਂ ਤੁਹਾਡਾ ਬੱਚਾ ਸਾਫ਼ ਤਰਲ ਪਦਾਰਥ, ਉਲਟੀ ਕੀਤੇ ਬਗੈਰ, ਪੀਣ ਲਗ ਪਵੇ ਤਾਂ ਆਪਣੇ ਬੱਚੇ ਨੂੰ ਆਮ ਖਾਣਾ ਥੋੜੀ-ਥੋੜੀ ਮਾਤਰਾ 'ਚ ਖਵਾਓ। ਬਹੁਤ ਵੱਧ ਜਾਂ ਬਹੁਤ ਤੇਜ਼ੀ ਨਾਲ ਨਾ ਖਵਾਓ। ਇਸ ਕਾਰਨ ਉਸਨੂੰ ਉਲਟੀ ਆ ਸਕਦੀ ਹੈ। ਜੇ ਤੁਹਾਡਾ ਬੱਚਾ ਮਾਂ ਦਾ ਦੁੱਧ ਚੁੰਘਦਾ ਹੈ ਤਾਂ ਦੁੱਧ ਪਿਲਾਉਣ ਦੇ ਆਮ ਕਾਰਜਕ੍ਰਮ ਨੂੰ ਮੁੜ ਸ਼ੁਰੂ ਕਰਨ ਤੋਂ ਪਹਿਲਾਂ, 1 ਜਾਂ 2 ਵਾਰ ਥੋੜਾ-ਥੋੜਾ ਦੁੱਧ ਚੁੰਘਵਾਓ।


Print Shop #264324 (May 2014) Punjabi